dti

# ਘੱਟੋ-ਘੱਟ ਕੌਮੀ ਉਜਰਤ

## ਕਾਮਿਆਂ ਵਾਸਤੇ ਸੰਖੇਪ ਜਾਣਕਾਰੀ

ਅਕਤੂਬਰ 2005 ਵਿਚ ਸੋਧੀ ਗਈ

**ਜੇ ਤੁਸੀਂ ਘੱਟੋ-ਘੱਟ ਉਜਰਤ ਬਾਰੇ ਕੁਝ ਪੁੱਛਣਾ ਹੋਵੇ, ਜਾਂ ਤੁਹਾਨੂੰ ਲੱਗੇ ਕਿ ਤੁਹਾਨੂੰ ਇਸ ਤੋਂ ਥੋਹੜੀ ਉਜਰਤ ਮਿਲ਼ ਰਹੀ ਹੈ, ਤਾਂ ਮਿਨੀਮਮ ਵੇਜ ਹੈਲਪਲਾਈਨ ਨੂੰ ਇਸ ਨੰਬਰ ’ਤੇ ਫ਼ੋਨ ਕਰੋ:**

**0845 6000 678**

**ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲ ਸਕਦੇ, ਤਾਂ ਤੁਹਾਡੇ ਘਰ ਦਾ ਕੋਈ ਜੀਅ ਜਾਂ ਕੋਈ ਦੋਸਤ ਤੁਹਾਡੇ ਵੱਲੋਂ ਗੱਲ ਕਰ ਸਕਦਾ ਹੈ। ਜਾਂ ਅਸੀਂ ਤੁਹਾਡੇ ਵਾਸਤੇ ਕਿਸੇ ਅੰਗਰੇਜ਼ੀ-ਪੰਜਾਬੀ ਬੋਲਣ ਵਾਲ਼ੇ ਦਾ ਇੰਤਜ਼ਾਮ ਕਰਕੇ ਦੇ ਸਕਦੇ ਹਾਂ।**

dti

ਬਰਤਾਨੀਆ ਵਿਚ ਤਿਜਾਰਤ ਦੀ ਕਾਮਯਾਬੀ ਵਾਸਤੇ ਬਿਹਤਰੀਨ ਮਾਹੌਲ ਪੈਦਾ ਕਰਨ ਲਈ ਵਪਾਰ ਤੇ ਸਨਅਤ ਦੀ ਵਜ਼ਾਰਤ (ਡੀਪਾਰਟਮੈਂਟ ਔਂਵ ਟਰੇਡ ਐਂਡ ਇੰਡਸਟਰੀ – ਡੀ. ਟੀ. ਆਈ – dti) ਨੇ 'ਸਰਬਤ ਦੀ ਖ਼ੁਸ਼ਹਾਲੀ' ਵਾਲ਼ਾ ਮਨੋਰਥ ਮਿਥਿਆ ਅਤੇ ਇਸਨੂੰ ਪੂਰਿਆਂ ਕਰਨ ਲਈ ਸਰਗਰਮ ਹੈ। ਉੱਦਮ, ਨਵੀਨਤਾ ਅਤੇ ਸਿਰਜਣਾ ਨੂੰ ਪ੍ਰੋਤਸਾਹਨ ਦਿੰਦਿਆਂ ਅਸੀਂ ਲੋਕਾਂ ਤੇ ਤਿਜਾਰਤੀ ਕੰਪਨੀਆਂ ਦੇ ਵਧੇਰੇ ਉਪਜਾਊ ਹੋਣ ਚ ਮਦਦ ਕਰਦੇ ਹਾਂ।

ਅਸੀਂ ਦੇਸ਼ ਤੇ ਵਿਦੇਸ਼ ਵਿਚ ਯੂ ਕੇ ਦੇ ਬਿਜ਼ਨਿਸ ਦੀ ਹਿਮਾਇਤ ਕਰਦੇ ਹਾਂ। ਅਸੀਂ ਵਿਸ਼ਵ-ਪੱਧਰ ਦੀ ਸਾਇੰਸ ਤੇ ਟੈਕਨੌਲੌਜੀ ਵਿਚ ਬਹੁਤ ਸਾਰੀ ਪੂੰਜੀ ਲਾਉਂਦੇ ਹਾਂ। ਅਸੀਂ ਕਾਮਿਆਂ ਤੇ ਖਪਤਕਾਰਾਂ ਦੇ ਹੱਕਾਂ ਦੀ ਹਿਫ਼ਾਜ਼ਤ ਕਰਦੇ ਹਾਂ। ਅਸੀਂ ਯੂ ਕੇ, ਯੂਰਪ ਅਤੇ ਦੁਨੀਆ ਭਰ ਵਿਚ ਜਾਇਜ਼ ਤੇ ਖੁੱਲ੍ਹੀ ਮੰਡੀ ਦੇ ਵੀ ਪੂਰੇ ਹਿਮਾਇਤੀ ਹਾਂ।

# ਘੱਟੋ-ਘੱਟ ਕੌਮੀ ਉਜਰਤ ਦਾ ਕੀ ਮਤਲਬ ਹੈ?

ਘੱਟੋ-ਘੱਟ ਉਜਰਤ ਕਾਨੂੰਨੀ ਹੱਕ ਹੈ, ਜੋ ਯੂ ਕੇ ਦੇ ਤਕਰੀਬਨ ਸਾਰੇ ਕਾਮਿਆਂ ਨੂੰ ਹਾਸਿਲ ਹੈ। ਇਹ 1 ਅਪ੍ਰੈਲ 1999 ਨੂੰ ਕਾਨੂੰਨ ਬਣਿਆ ਸੀ।

**1 ਅਕਤੂਬਰ 2005** ਨੂੰ ਘੱਟੋ-ਘੱਟ ਉਜਰਤ 4 ਪੌਂਡ 85 ਪੈਂਸ ਫ਼ੀ ਘੰਟੇ ਤੋਂ ਵਧਾ ਕੇ 5 ਪੌਂਡ 05 ਪੈਂਸ ਫ਼ੀ ਘੰਟਾ ਕਰ ਦਿੱਤੀ ਗਈ। ਮੇਨ (ਮੁੱਖ) ਰੇਟ ਕਾਮੇ ਦੇ 22ਵੇਂ ਜਨਮ ਦਿਨ ਤੋਂ ਸ਼ੁਰੂ ਹੁੰਦਾ ਹੈ।

**1 ਅਕਤੂਬਰ 2005** ਨੂੰ ਘੱਟੋ-ਘੱਟ ਉਜਰਤ ਦਾ 18 ਤੋਂ 21 ਸਾਲ ਦੀ ਉਮਰ ਦਿਆਂ ਦਾ ਯੂਥ (ਨੌਜਵਾਨਾਂ ਦਾ) ਰੇਟ 4 ਪੌਂਡ 10 ਪੈਂਸ ਫ਼ੀ ਘੰਟੇ ਤੋਂ ਵਧਾ ਕੇ 4 ਪੌਂਡ 25 ਪੈਂਸ ਫ਼ੀ ਘੰਟਾ ਕਰ ਦਿੱਤਾ ਗਿਆ।

**1 ਅਕਤੂਬਰ 2004** ਨੂੰ 18 ਸਾਲ ਤੋਂ ਘਟ ਉਮਰ ਦੇ ਉਨ੍ਹਾਂ ਕਾਮਿਆਂ ਵਾਸਤੇ ਨਵਾਂ ਰੇਟ ਲਾਗੂ ਕੀਤਾ ਗਿਆ ਸੀ, ਜਿਨ੍ਹਾਂ ਉੱਤੇ ਸਕੂਲ ਜਾਣ ਦੀ ਲਾਜ਼ਿਮੀ ਉਮਰ ਦੀ ਸ਼ਰਤ ਆਇਦ ਨਹੀਂ ਹੁੰਦੀ। ਇਹ ਰੇਟ 3 ਪੌਂਡ ਫ਼ੀ ਘੰਟਾ ਹੈ।

ਜੇ ਤੁਸੀਂ ਕਿਸੇ ਐਂਪਲਾਇਰ ਵਾਸਤੇ ਨਵੀਂ ਜੌਬ ਕਰਨੀ ਸ਼ੁਰੂ ਕਰ ਰਹੇ ਹੋ ਤੇ ਤੁਹਾਡੀ ਉਮਰ 22 ਸਾਲ ਜਾਂ ਇਸ ਤੋਂ ਵਧ ਹੈ ਅਤੇ ਤੁਹਾਨੂੰ ਟ੍ਰੇਨਿੰਗ ਮਿਲ਼ ਰਹੀ ਹੈ, ਤਾਂ 1 ਅਕਤੂਬਰ 2005 ਤੋਂ ਤੁਹਾਨੂੰ ਰੁਜ਼ਗਾਰ ਦੇ ਪਹਿਲੇ ਛੇ ਮਹੀਨਿਆਂ ਵਿਚ ਘੱਟੋ-ਘੱਟ 4 ਪੌਂਡ 25 ਪੈਂਸ ਫ਼ੀ ਘੰਟਾ ਉਜਰਤ ਮਿਲਣੀ ਚਾਹੀਦੀ ਹੈ। (ਪਹਿਲਾਂ ਇਹ 4 ਪੌਂਡ 10 ਪੈਂਸ ਫ਼ੀ ਘੰਟਾ ਹੁੰਦੀ ਸੀ।) ਇਸ ਹਾਲਤ ਵਿਚ ਤੁਸੀਂ ਅਪਣੇ ਐਂਪਲਾਇਰ ਨਾਲ਼ ਅਹਿਦ ਕਰ ਲਿਆ ਹੋਵੇਗਾ ਕਿ ਉਹਨੇ ਉਨ੍ਹਾਂ ਛੇ ਮਹੀਨਿਆਂ ਦੌਰਾਨ ਤੁਹਾਨੂੰ ਘੱਟੋ-ਘੱਟ 26 ਦਿਨਾਂ ਵਾਸਤੇ ਟ੍ਰੇਨਿੰਗ ਦੇਣ ਦੀ ਬਾਨ੍ਹ ਲਾ ਦਿੱਤੀ ਹੈ। ਮਿਨੀਮਮ ਵੇਜ ਹੈਲਪਲਾਈਨ ਨੂੰ ਇਸ ਨੰਬਰ 'ਤੇ ਫ਼ੋਨ ਕਰਕੇ ਪਤਾ ਕਰੋ ਕਿ ਕਿਸ ਕਿਸਮ ਦੀਆਂ ਟ੍ਰੇਨਿੰਗਾਂ ਮਨਜ਼ੂਰਸ਼ੁਦਾ ਹਨ 0845 6000 678.

## ਕੀ ਘੱਟੋ-ਘੱਟ ਕੌਮੀ ਉਜਰਤ ਮੇਰੇ ’ਤੇ ਲਾਗੂ ਹੁੰਦੀ ਹੈ?

ਯੂ ਕੇ ਵਿਚ ਬਹੁਤ ਸਾਰੇ ਕਾਮਿਆਂ ਨੂੰ ਘੱਟੋ-ਘੱਟ ਉਜਰਤ ਦਾ ਹੱਕ ਹਾਸਿਲ ਹੈ। ਇਨ੍ਹਾਂ ਚ ਇਹ ਸ਼ਾਮਿਲ ਹਨ: ਹੋਮਵਰਕਰ, ਏਜੰਸੀਵਰਕਰ, ਕਮਿਸ਼ਨ ਵਰਕਰ, ਪਾਰਟ-ਟਾਈਮ ਵਰਕਰ, ਕੈਯੂਅਲ ਵਰਕਰ ਅਤੇ ਪੀਸਵਰਕਰ।

## ਕਿਹੜੀ ਰਕਮ ‘ਪੇਅ’ [Pay] ਮੰਨੀ ਜਾਂਦੀ ਹੈ?

ਹੋ ਸਕਦਾ ਹੈ ਕਿ ਤੁਸੀਂ ਇਹ ਦੇਖਣਾ ਚਾਹਵੋ ਕਿ ਜੋ ‘ਪੇਅ’ ਤੁਹਾਨੂੰ ਮਿ਼ਲਦੀ ਹੈ, ਉਹ ਘੱਟੋ-ਘੱਟ ਉਜਰਤ ਦੇ ਕਾਨੂੰਨ ਮੁਤਾਬਿਕ ਹੈ ਜਾਂ ਨਹੀਂ। ਕਿਉਂਕਿ ਹਰ ਹਫ਼ਤੇ ਜਾਂ ਹਰ ਮਹੀਨੇ ਤੁਹਾਨੂੰ ਮਿਲਣ ਵਾ਼ਲੇ ਸਾਰੇ ਪੈਸੇ ‘ਪੇਅ’ ਨਹੀਂ ਮੰਨੇ ਜਾਂਦੇ। ਘੱਟੋ-ਘੱਟ ਉਜਰਤ ਦੇ ਹਿਸਾਬ ਨਾ਼ਲ ਇਨਸੈਂਟਿਵ (ਹੱਲਾਸ਼ੇਰੀ), ‘ਬੋਨਸ ਅਤੇ ਜਿੰਨਾ ਚੰਗਾ ਕੰਮ ਓਨੇ ਵਧ ਪੈਸੇ’ (ਪਰਫ਼ੌਰਮੈਂਸ ਰੀਲੇਟਡ) ਵਾ਼ਲੇ ਪੈਸੇ ‘ਪੇਅ’ ਮੰਨੇ **ਜਾਂਦੇ ਹਨ** ਅਤੇ ਰਿਜਨਲ ਅਲਾਊਂਸ (ਇਲਾਕਾਈ ਭੱਤੇ) ‘ਪੇਅ’ **ਨਹੀਂ** ਮੰਨੇ ਜਾਂਦੇ, ਕਿਉਂਕਿ ਇਹ ਤੁਹਾਡੀ ਬੇਸਿਕ ਪੇਅ ਚ ਸ਼ਾਮਿਲ ਨਹੀਂ ਹੁੰਦੇ। ਓਵਰਟਾਈਮ ਜਾਂ ਸ਼ਿਫ਼ਟਾਂ ਦੇ ਬੇਸਿਕ ਰੇਟ ਤੋਂ ਉੱਤੇ ਦੇ ਮਿ਼ਲਦੇ ਵਾਧੂ ਪੈਸੇ ਵੀ ‘ਪੇਅ’ ਨਹੀਂ ਮੰਨੇ ਜਾਂਦੇ।

ਵਰਦੀ, ਖਾਣੇ ਜਾਂ ਪ੍ਰਾਈਵੇਟ ਹੈਲਥ ਇੰਸ਼ੋਰੈਂਸ ਦੀ ਸ਼ਕਲ ਚ ਮਿਲਣ ਵਾ਼ਲੇ ਬੈਨੀਫ਼ਿਟ ‘ਪੇਅ’ ਚ ਸ਼ੁਮਾਰ ਨਹੀਂ ਹੁੰਦੇ। ਪੈਸਿਆਂ ਚ ਨਾ ਮਿਲਣ ਵਾ਼ਲਾ ਭੱਤਾ ਸਿਰਫ਼ ਰਿਹਾਇਸ਼ ਹੀ ਹੈ, ਜੋ ‘ਪੇਅ’ ਮੰਨੀ ਜਾਂਦੀ ਹੈ। ਤੁਹਾਡੀ ਰਿਹਾਇਸ਼ ਦੀ ਕੀਮਤ ਅੰਗਣ ਲਈ ਖ਼ਾਸ ਨਿਯਮ ਹੁੰਦੇ ਹਨ, ਜਿਸ ਨਾ਼ਲ ਘੱਟੋ-ਘੱਟ ਉਜਰਤ ਦਾ ਹਿਸਾਬ ਲਾਇਆ ਜਾਂਦਾ ਹੈ।

ਕੀਹਨੂੰ ‘ਪੇਅ’ ਮੰਨਿਆ ਜਾਂਦਾ ਹੈ, ਕੀਹਨੂੰ ਨਹੀਂ; ਇਸ ਬਾਰੇ ਮਿਨੀਮਮ ਵੇਜ ਹੈਲਪਲਾਈਨ ਨੂੰ ਇਸ ਨੰਬਰ ’ਤੇ ਫ਼ੋਨ ਕਰਕੇ ਪਤਾ ਕਰੋ 0845 6000 678.

## ਕੰਮ ਵਾਲ਼ੇ ਘੰਟਿਆਂ ਦਾ ਕੀ ਹਿਸਾਬ ਹੈ?

ਜਿਨ੍ਹਾਂ ਘੰਟਿਆਂ ਵਾਸਤੇ ਤੁਹਾਡੇ ਐਂਪਲਾਇਰ ਨੂੰ ਤੁਹਾਨੂੰ ਘੱਟੋ-ਘੱਟ ਉਜਰਤ ਲਾਜ਼ਮੀ ਤੌਰ 'ਤੇ ਦੇਣੀ ਚਾਹੀਦੀ ਹੈ, ਉਹਦਾ ਹਿਸਾਬ ਤੁਹਾਡੇ ਕੀਤੇ ਕੰਮ ਦੇ ਮੁਤਾਬਿਕ ਵੱਖੋ-ਵੱਖਰਾ ਲਾਇਆ ਜਾਂਦਾ ਹੈ। ਕੰਮ ਦੀਆਂ ਵੱਡੀਆਂ ਚਾਰ ਕਿਸਮਾਂ ਹਨ।

- ਜੇ ਤੁਹਾਨੂੰ ਬੱਝੇ ਹੋਏ ਘੰਟਿਆਂ ਵਾਸਤੇ ਕੰਮ ਕਰਨ ਦੇ ਪੈਸੇ ਮਿਲ਼ਦੇ ਹਨ, ਤਾਂ ਇਹਦਾ ਮਤਲਬ ਹੈ ਕਿ ਤੁਸੀਂ **ਟਾਈਮ ਵਰਕ (time work)** ਕਰਦੇ ਹੋ;
- ਜੇ ਤੁਹਾਨੂੰ ਹਰ ਸਾਲ ਗਿਣਤੀ ਦੇ ਬੱਝਵੇਂ ਬੇਸਿਕ ਘੰਟਿਆਂ ਵਾਸਤੇ ਕੰਮ ਕਰਨ ਦਾ ਕੌਨਟ੍ਰੈਕਟ ਮਿਲ਼ਿਆ ਹੋਇਆ ਹੈ ਤੇ ਤੁਹਾਨੂੰ ਇਸ ਇਵਜ਼ ਵਿਚ ਬਰਾਬਰ ਦੀਆਂ ਕਿਸ਼ਤਾਂ ਵਿਚ ਸਾਲਾਨਾ ਤਨਖ਼ਾਹ (ਸਾਲਰੀ) ਮਿਲ਼ਦੀ ਹੈ (ਮਿਸਾਲ ਵਜੋਂ ਹਰ ਹਫ਼ਤੇ ਜਾਂ ਹਰ ਮਹੀਨੇ) ਤਾਂ ਤੁਸੀਂ **ਸਾਲਰੀਡ-ਆਵਰਜ਼ ਵਰਕ (salaried-hours work)** ਕਰਦੇ ਹੋ;
- ਜੇ ਤੁਹਾਨੂੰ ਗਿਣਤੀ ਦੇ 'ਪੀਸ' ਬਣਾਉਣ ਜਾਂ ਦਿੱਤੇ ਹੋਏ ਕੀਤੇ ਕੰਮਾਂ ਦੇ ਹਿਸਾਬ ਨਾਲ਼ ਪੈਸੇ ਮਿਲ਼ਦੇ ਹਨ, ਤਾਂ ਤੁਸੀਂ **ਆਊਟਪੁਟ ਵਰਕ (output work)** ਕਰਦੇ ਹੋ। ਜੇ ਤੁਸੀਂ ਆਊਟਪੁਟ ਵਰਕਰ ਹੋ ਜਾਂ, ਤਾਂ ਤੁਹਾਨੂੰ ਹਰ ਹਾਲਤ ਵਿਚ "ਫ਼ੇਅਰ ਪੀਸ ਰੇਟ" ਸਿਸਟਮ ਹੇਠ ਪੈਸੇ ਮਿਲਣੇ ਚਾਹੀਦੇ ਹਨ ਜਾਂ ਕੀਤੇ ਹਰ ਘੰਟੇ ਵਾਸਤੇ ਘੱਟੋ-ਘੱਟ ਉਜਰਤ ਮਿਲਣੀ ਚਾਹੀਦੀ ਹੈ।
- ਜੇ ਤੁਹਾਨੂੰ ਕੁਝ ਖ਼ਾਸ ਕੰਮ ਕਰਨੇ ਪੈਂਦੇ ਹੋਣ, ਪਰ ਘੰਟੇ ਬੱਝੇ ਹੋਏ ਨਾ ਹੋਣ, ਤਾਂ ਤੁਸੀਂ **ਅਨਮਯੀਅਰਡ ਵਰਕ (unmeasured work)** ਕਰਦੇ ਹੋ। ਤੁਹਾਨੂੰ ਇਹ ਇਖ਼ਤਿਆਰ ਹੈ ਕਿ ਤੁਸੀਂ ਅਪਣੇ ਐਂਪਲਾਇਰ ਨਾਲ਼ ਲਿਖਤੀ ਐਗਰੀਮੈਂਟ (ਅਹਿਦਨਾਮਾ) ਕਰ ਸਕਦੇ ਹੋ, ਜਿਸ ਵਿਚ ਇਹ ਲਿਖਿਆ ਹੋਵੇ ਕਿ ਤੁਹਾਨੂੰ ਹਰ ਰੋਜ਼ ਔਸਤਨ ਕਿੰਨੇ ਘੰਟੇ ਕੰਮ ਕਰਨਾ ਚਾਹੀਦਾ ਹੈ।

# ਮੈਨੂੰ ਘੱਟੋ-ਘੱਟ ਕੌਮੀ ਉਜਰਤ ਯਕੀਨੀ ਤੌਰ 'ਤੇ ਕਿਵੇਂ ਮਿ.ਲ ਸਕਦੀ ਹੈ?

ਜਦ ਤਕ ਤੁਹਾਨੂੰ ਘੱਟੋ-ਘੱਟ ਕੌਮੀ ਉਜਰਤ ਦਾ ਹੱਕ ਹਾਸਿਲ ਹੈ, ਤੁਹਾਡਾ ਐਂਪਲਾਇਰ ਤੁਹਾਨੂੰ ਉਸ ਤੋਂ ਘੱਟ ਪੈਸੇ ਦੇ ਕੇ ਕੰਮ ਕਰਨ ਲਈ ਧੱਕੇ ਨਾ.ਲ ਨਹੀਂ ਮੰਨਵਾ ਸਕਦਾ। ਜੇ ਤੁਸੀਂ ਘੱਟੋ-ਘੱਟ ਕੌਮੀ ਉਜਰਤ ਤੋਂ ਵੀ ਥੋਹੜੇ ਪੈਸਿਆਂ ਲਈ ਕੰਮ ਕਰਨ ਦੇ ਐਗਰੀਮੈਂਟ 'ਤੇ ਸਾਈਨ ਵੀ ਕੀਤੇ ਹੋਣ, ਤਾਂ ਵੀ ਇਹਦੀ ਕੋਈ ਕਾਨੂੰਨੀ ਵੁਕਅਤ ਨਹੀਂ ਬਣਦੀ।

ਜੇ ਤੁਹਾਡੇ ਖ਼ਿਆਲ ਵਿਚ ਤੁਹਾਨੂੰ ਘੱਟੋ-ਘੱਟ ਕੌਮੀ ਉਜਰਤ ਤੋਂ ਵੀ ਥੋਹੜੇ ਪੈਸੇ ਮਿ.ਲਦੇ ਹਨ, ਤਾਂ ਤੁਹਾਨੂੰ ਅਪਣਾ ਰਿਕਾਰਡ ਦੇਖਣ ਦਾ ਹੱਕ ਹਾਸਿਲ ਹੈ। ਜੇ ਤੁਸੀਂ ਅਪਣੇ ਐਂਪਲਾਇਰ ਨੂੰ ਲਿਖ ਕੇ ਦਿੱਤਾ ਹੋਵੇ ਕਿ ਤੁਸੀਂ ਰਿਕਾਰਡ ਦੇਖਣਾ ਹੈ, ਤਾਂ ਉਹਨੂੰ ਕਾਨੂੰਨਨ 14 ਦਿਨਾਂ ਦੇ ਅੰਦਰ-ਅੰਦਰ ਤੁਹਾਨੂੰ ਰਿਕਾਰਡ ਦਿਖਾਉਣੇ ਪੈਣਗੇ। ਤੁਹਾਡੀ ਰਜ਼ਾਮੰਦੀ ਨਾ.ਲ ਇਹ ਮਿਆਦ ਵਧਾਈ ਵੀ ਜਾ ਸਕਦੀ ਹੈ।

ਜੇ ਤੁਹਾਨੂੰ ਘੱਟੋ-ਘੱਟ ਕੌਮੀ ਉਜਰਤ ਬਾਬਤ ਕੋਈ ਮੁਸ਼ਕਿਲ ਪੇਸ਼ ਆ ਰਹੀ ਹੋਵੇ ਜਾਂ ਤੁਸੀਂ ਕੋਈ ਸਵਾਲ ਪੁੱਛਣੇ ਹੋਣ, ਜਾਂ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਘੱਟੋ-ਘੱਟ ਕੌਮੀ ਉਜਰਤ ਤੋਂ ਵੀ ਥੋਹੜੇ ਪੈਸੇ ਮਿ.ਲਦੇ ਹਨ, ਤਾਂ ਤੁਹਾਨੂੰ ਮਿਨੀਮਮ ਵੇਜ ਹੈਲਪਲਾਈਨ ਨੂੰ ਇਸ ਨੰਬਰ 'ਤੇ ਫ਼ੋਨ ਕਰਨਾ ਚਾਹੀਦਾ ਹੈ: **0845 6000 678.** ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲ ਸਕਦੇ, ਤਾਂ ਤੁਹਾਡੇ ਘਰ ਦਾ ਕੋਈ ਜੀਅ ਜਾਂ ਕੋਈ ਦੋਸਤ ਤੁਹਾਡੇ ਵੱਲੋਂ ਗੱਲ ਕਰ ਸਕਦਾ ਹੈ। ਜਾਂ ਅਸੀਂ ਤੁਹਾਡੇ ਵਾਸਤੇ ਕਿਸੇ ਅੰਗਰੇਜ਼ੀ-ਪੰਜਾਬੀ ਬੋਲਣ ਵਾ.ਲੇ ਦਾ ਇੰਤਜ਼ਾਮ ਕਰਕੇ ਦੇ ਸਕਦੇ ਹਾਂ। ਟੈਲੀਫ਼ੋਨ 'ਤੇ ਹੋਈ ਗੱਲ ਦਾ ਕਿਸੇ ਕੋ.ਲ ਭੇਤ ਨਹੀਂ ਕੱਢਿਆ ਜਾਂਦਾ ਅਤੇ ਤੁਸੀਂ ਅਪਣਾ ਨਾਂ ਲੁਕੋ ਵੀ ਸਕਦੇ ਹੋ। ਪਰ ਜੇ ਤੁਸੀਂ ਚਾਹੁੰਦੇ ਹੋ ਕਿ ਮਿਨੀਮਮ ਵੇਜ ਅਫ਼ਸਰ ਤੁਹਾਡੇ ਬਣਦੇ ਪਿਛਲੇ ਪੈਸੇ ਲੈ ਕੇ ਦੇਣ, ਫੇਰ ਉਨ੍ਹਾਂ ਤੋਂ ਜ਼ਰੂਰੀ ਕਾਰਵਾਈ ਕਰਵਾਉਣ ਲਈ ਤੁਹਾਨੂੰ ਅਪਣਾ ਨਾਂ ਪਤਾ ਤਾਂ ਦੱਸਣਾ ਹੀ ਚਾਹੀਦਾ ਹੈ। ਹੋ ਸਕਦਾ ਹੈ ਕਿ ਅਫ਼ਸਰਾਂ ਨੂੰ ਅਗਾਂਹ ਜਾ ਕੇ ਕਾਰਵਾਈ ਕਰਵਾਉਣ ਲਈ ਤੁਹਾਡਾ ਨਾਂ ਤੁਹਾਡੇ ਐਂਪਲਾਇਰ ਨੂੰ ਦੱਸਣਾ ਪਵੇ। (ਮਿਸਾਲ ਵਜੋਂ ਜਦ ਉਨ੍ਹਾਂ ਨੂੰ ਐਂਪਲਾਇਰ ਤੋਂ ਤੁਹਾਡੇ ਪੈਸੇ ਕਢਵਾਉਣ ਲਈ ਤੁਹਾਡੇ ਵਾਸਤੇ ਐਂਪਲਾਇਮੈਂਟ ਟ੍ਰੀਬੀਊਨਲ ਜਾਣਾ ਪਵੇ।) ਉਹ ਤੁਹਾਡਾ ਨਾਂ ਪਤਾ ਦੱਸਣ ਤੋਂ ਪਹਿਲਾਂ ਤੁਹਾਡੇ ਤੋਂ ਪਹਿਲਾਂ ਪੁੱਛਣਗੇ ਜ਼ਰੂਰ।

ਤੁਸੀਂ ਅਪਣਾ ਕੇਸ ਐਂਪਲਾਇਮੈਂਟ ਟ੍ਰੀਬੀਊਨਲ ਜਾਂ ਸਿਵਿਲ ਕੋਰਟ ਚ ਲੈ ਕੇ ਜਾ ਸਕਦੇ ਹੋ ਅਤੇ ਜੇ ਚਾਹਵੋ ਤਾਂ ਇਹ ਕਾਰਵਾਈ ਕਰਨ ਤੋਂ ਪਹਿਲਾਂ ਅਪਣੇ ਲੋਕਲ ਸਿਟੀਜ਼ਨ ਅਡਵਾਈਸ ਬੀਊਰੋ ਜਾਂ ਕਿਸੇ ਟਰੇਡ ਯੂਨੀਅਨ ਤੋਂ ਸਲਾਹ ਲੈ ਸਕਦੇ ਹੋ।

ਘੱਟੋ-ਘੱਟ ਉਜਰਤ ਦੇ ਬਣਦੇ ਤੁਹਾਡੇ ਹੱਕ ਜਾਂ ਅਪਣਾ ਹੱਕ ਲੈਣ ਲਈ ਤੁਸੀਂ ਜੋ ਵੀ ਕੋਈ ਕਾਰਵਾਈ ਕਰੋ, ਉਹਦੇ ਕਰਕੇ ਤੁਹਾਡਾ ਐਂਪਲਾਇਰ ਤੁਹਾਨੂੰ ਕੰਮ ਤੋਂ ਜਵਾਬ ਨਹੀਂ ਦੇ ਸਕਦਾ ਜਾਂ ਧੱਕਾ ਨਹੀਂ ਕਰ ਸਕਦਾ। ਇਸ ਮਾਮਲੇ ਚ ਕਾਨੂੰਨ ਤੁਹਾਡੀ ਵਲ ਦਾ ਹੈ।

## ਮੈਂ ਹੋਰ ਜਾਣਕਾਰੀ ਕਿਵੇਂ ਹਾਸਿਲ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਘੱਟੋ-ਘੱਟ ਉਜਰਤ ਬਾਰੇ ਕੋਈ ਸਵਾਲ ਪੁੱਛਣੇ ਹੋਣ ਜਾਂ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਘੱਟੋ-ਘੱਟ ਕੌਮੀ ਉਜਰਤ ਤੋਂ ਵੀ ਥੋਹੜੇ ਪੈਸੇ ਮਿਲ਼ਦੇ ਹਨ, ਤਾਂ ਮਿਨੀਮਮ ਵੇਜ ਹੈਲਪਲਾਈਨ ਨੂੰ ਇਸ ਨੰਬਰ 'ਤੇ ਫ਼ੋਨ ਕਰੋ : **0845 6000 678**. ਇਹ ਹੈਲਪਲਾਈਨ ਹੱਰ ਮੈਜੈਸਟੀ ਦੇ ਰੈਵੀਨੀਊ ਤੇ ਕਸਟਮਜ਼ ਦੇ ਮਹਿਕਮੇ ਵਾਸਤੇ ਵਪਾਰ ਤੇ ਸਨਅਤ ਦੀ ਵਜ਼ਾਰਤ (ਡੀਪਾਰਟਮੈਂਟ ਆੱਵ ਟਰੇਡ ਐਂਡ ਇੰਡਸਟਰੀ – ਡੀ. ਟੀ. ਆਈ) ਦੀ ਤਰਫ਼ੋਂ ਚਲਦੀ ਹੈ।

ਟੈਲੀਫ਼ੋਨ ਕਾਲ ਦਾ ਖ਼ਰਚ ਲੋਕਲ ਕਾਲ ਜਿੰਨਾ ਲਗਦਾ ਹੈ। ਸਾਡੀ ਸਰਵਿਸ ਦੀ ਬਿਹਤਰੀ ਲਈ ਤੁਹਾਡੀ ਫ਼ੋਨ 'ਤੇ ਕੀਤੀ ਗੱਲ ਹੋ ਸਕਦਾ ਹੈ ਕਿ ਰਿਕਾਰਡ ਜਾਂ ਮੌਨੀਟਰ ਕੀਤੀ ਜਾਵੇ।

ਜਾਂ ਤੁਸੀਂ ਘੱਟੋ-ਘੱਟ ਉਜਰਤ ਬਾਰੇ ਇਸ ਪਤੇ 'ਤੇ ਚਿੱਠੀ ਲਿਖ ਕੇ ਪੁੱਛ ਸਕਦੇ ਹੋ: Minimum Wage Enquiries, FREEPOST PHQ1, Newcastle upon Tyne NE98 1ZH ਜਾਂ ਡੀ. ਟੀ. ਆਈ ਦੀ ਮਿਨੀਮਮ ਵੇਜ ਵਾਲ਼ੀ ਨਿਰੀ ਅੰਗਰੇਜ਼ੀ ਦੀ ਵੈੱਬਸਾਈਟ ਇਸ ਪਤੇ 'ਤੇ ਦੇਖੋ: **http://www.dti.gov.uk/er/nmw**

ਇਹ ਪਰਚਾ ਅੰਗਰੇਜ਼ੀ ਤੇ ਪੰਜਾਬੀ ਤੋਂ ਇਲਾਵਾ ਕੁਝ ਹੋਰ ਬੋਲੀਆਂ ਵਿਚ ਵੀ ਮਿਲ਼ਦਾ ਹੈ – (ਵੈਲਸ਼, ਅਰਬੀ, ਬੰਗਲਾ, ਗੁਜਰਾਤੀ, ਤਮਿਲ, ਉਰਦੂ ਅਤੇ ਚੀਨੀ)।

ਇਸ ਪਰਚੇ ਵਿਚ ਦਰਜ ਜਾਣਕਾਰੀ ਆਮ ਹਿਦਾਇਤਕਾਰੀ ਹੀ ਹੈ। ਇਹ ਨਾ ਸਮਝਿਆ ਜਾਵੇ ਕਿ ਇਹ ਕੋਈ ਮੁਕੰਮਲ ਕਾਨੂੰਨੀ ਸਨਦ ਹੈ।

This guide has been produced in association with Her Majesty's Revenue and Customs.
Printed in the UK on recycled paper with a minimum HMSO score of 75.
First published Sept.2000. Department of Trade and Industry. www.dti.gov.uk/
© Crown Copyright. DTI/Pub 7983/1.3k/09/05/AP. (PUNJABI) URN 05/1502